# 25
# ਪਾਪ ਦੀ ਮੁਸ਼ਕਿਲ

## ਰੋਮੀਆਂ 3:23; 6:23

*''ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪ੍ਰਮੇਸ਼ਵਰ ਦੇ ਪ੍ਰਤਾਪ ਤੋਂ ਰਹਿ ਗਏ ਹਨ'' (ਰੋਮੀਆਂ 3:23)।*

ਜੇ ਕਿਸੇ ਨੂੰ ਇਹ ਪਤਾ ਨਹੀਂ ਹੈ ਕਿ ਉਹ ਗੁਆਚਿਆ ਹੋਇਆ ਹੈ ਤਾਂ ਉਹ ਬਚਾਏ ਜਾਣ ਦੀ ਇੱਛਾ ਕਿਵੇਂ ਕਰ ਸਕਦਾ ਹੈ? ਕੋਈ ਕਿਵੇਂ ਆਖ ਸਕਦਾ ਹੈ ਕਿ ਪਾਪ ਹੈ ਹੀ ਨਹੀਂ?

### ਇਕ ਮੁੱਖ ਵਿਸ਼ਾ

ਪਾਪ ਬਾਈਬਲ ਦੇ ਪ੍ਰਮੁੱਖ ਵਿਸ਼ਿਆਂ ਵਿੱਚੋਂ ਇਕ ਹੈ। ਖ਼ੁਦਾ ਨੇ ਲੋਕਾਂ ਨੂੰ ਪਾਪ ਤੋਂ ਜਾਣੂ ਕਰਵਾਉਣ ਲਈ ਮੂਸਾ ਦੀ ਸ਼ਰ੍ਹਾ ਦਿੱਤੀ: ''ਇਸ ਲਈ ਜੋ ਉਹ ਦੇ ਅੱਗੇ ਸ਼ਰ੍ਹਾ ਦੇ ਕਰਮਾਂ ਤੋਂ ਕੋਈ ਸਰੀਰ ਧਰਮੀ ਨਹੀਂ ਠਹਿਰੇਗਾ ਕਿਉਂ ਜੋ ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ'' (ਰੋਮੀਆਂ 3:20)। ਉਹ ਯਹੂਦੀ ਜਿਹਨੇ ਪੁੱਛਿਆ ਸੀ ਕਿ ''ਪ੍ਰਮੇਸ਼ਵਰ ਦੇ ਬਿਨਾ ਹੋਰ ਕੌਣ ਪਾਪ ਮਾਫ਼ ਕਰ ਸਕਦਾ ਹੈ?'' (ਮਰਕੁਸ 2:7; ਲੂਕਾ 5:21), ਸਹੀ ਸੀ। ਮਨੁੱਖ ਜਾਤੀ ਨਾਲ ਪਾਪ ਦੀ ਮੁਸ਼ਕਿਲ ਬਹੁਤ ਵੱਡੀ ਹੈ! ਪਾਪ ਨੂੰ ਢੱਕਿਆ ਨਹੀਂ ਜਾ ਸਕਦਾ; ਇਹਨੂੰ ਸਿਰਫ਼ ਮਾਫ਼ ਕੀਤਾ ਜਾ ਸਕਦਾ ਹੈ। ਜਦ ਸਾਨੂੰ ਸਮਝ ਆ ਜਾਂਦੀ ਹੈ ਕਿ ਪਾਪ ਕੀ ਹੈ ਤਾਂ ਅਸੀਂ ਹੈਰਾਨ ਹੁੰਦੇ ਹਾਂ, ਇਸ ਕਰਕੇ ਨਹੀਂ ਕਿ ਖ਼ੁਦਾ ਨੂੰ ਪਾਪ ਮਾਫ਼ ਕਰਨਾ ਔਖਾ ਕਿਉਂ ਲਗਦਾ ਹੈ, ਬਲਕਿ ਇਸ ਲਈ ਕਿ ਉਹਨੂੰ ਜ਼ਰੂਰੀ ਕਿਉਂ ਲਗਦਾ ਹੈ! ਭਲਾ ਮਨੁੱਖ ਪਾਪ ਵਿਚ ਹੀ ਬਚਾਇਆ ਜਾ ਸਕਦਾ ਹੈ? ਭਲਾ ਖ਼ੁਦਾ ਜੋ ''ਪਵਿੱਤਰ'' ਅਤੇ ਆਪ ਤੋਂ ਬਹੁਤ ਦੂਰ ਹੈ, ਪਾਪ ਮਾਫ਼ ਕਰ ਸਕਦਾ ਹੈ? (ਯਸਾਯਾਹ 6:3; ਵੇਖੋ ਪ੍ਰਕਾਸ਼ ਦੀ ਪੋਥੀ 4:8)। ਉਹ ਸਮਝ ਤੋਂ ਪਰ੍ਹੇ ਪਵਿੱਤਰਤਾ ਹੈ। ਸਿਰਫ਼ ਸਲੀਬ ਦੇ ਰਾਹੀਂ ਹੀ ਉਹ ਧਰਮੀ ਖ਼ੁਦਾ ਸਾਨੂੰ ਮਾਫ਼ ਕਰ ਸਕਦਾ ਹੈ।

### ਅਬਦੀ ਨਤੀਜੇ

ਆਦਮ ਅਤੇ ਹੱਵ੍ਹਾ ਨੇ ''ਫਲ ਦਾ ਇਕ ਚੱਕ'' ਹੀ ਲਿਆ। ਬਸ ਇਹੀ ਕਾਫ਼ੀ ਸੀ! ਮਨੁੱਖ ਜਾਤੀ ਨੂੰ ਕਿਸੇ ਕਤਲ, ਅਨੈਤਿਕਤਾ, ਚੋਰੀ, ਗਾਲ਼, ਜਾਂ ਬਦਸਲੂਕੀ ਨਾਲ ਪਾਪ ਕਰਨ ਲਈ ਮਜਬੂਰ ਨਹੀਂ ਕੀਤਾ ਗਿਆ ਸੀ। ਆਦਮ ਅਤੇ ਹੱਵ੍ਹਾ ਦੇ ਪਾਪ ਕਰਨ ਨਾਲ ਸੁਰਗ ਵਿਚ, ਨਰਕ ਵਿਚ ਅਤੇ ਧਰਤੀ ਉੱਤੇ ਸਭ ਕੁਝ ਬਦਲ ਗਿਆ! ਖ਼ੁਦਾ, ਮਨੁੱਖ ਅਤੇ ਸ਼ੈਤਾਨ ਨਾਲ ਸਭ

ਕੁਝ ਬਦਲ ਗਿਆ ਅਤੇ ਸਾਥੀ ਤੋਂ ਅੱਡ ਹੋ ਗਿਆ। ਮਨੁੱਖਤਾ ਉਸੇ ਤਰ੍ਹਾਂ ਨਹੀਂ ਰਹਿਣੀ ਸੀ। ਹੈਰਾਨੀ ਦੀ ਗੱਲ ਨਹੀਂ ਕਿ ਖ਼ੁਦਾ ਨੇ ਆਦਮ ਤੋਂ ਆਖਿਆ, ''ਤੂੰ ਕਿੱਥੇ ਹੈਂ?'' (ਉਤਪਤ 3:9)। ਉਤਪਤ 2 ਅਤੇ 3 ਅਧਿਆਇ ਪੜ੍ਹੋ ਤਾਂ ਤੁਸੀਂ ਕੰਬ ਜਾਓਗੇ! ਆਦਮੀ ਹੁਣ ਡਿੱਗ ਗਿਆ ਹੈ ਭਾਵ ਸਜ਼ਾ ਪਾਇਆ ਪਾਪੀ ਬਣ ਗਿਆ।

''ਇਕ ਚੱਕ'' ਤੋਂ ਇਹ ਇਤਿਹਾਸ ਕਿਤੇ ਵੱਧ ਹੈ। ਆਦਮ ਅਤੇ ਹੱਵ੍ਵਾ ਨੇ ਆਪਣੀਆਂ ਜ਼ਿੰਦਗੀਆਂ ਵਿਚ ਸ਼ੈਤਾਨ ਨੂੰ ਆਉਣ ਦਿੱਤਾ। ਉਨ੍ਹਾਂ ਨੇ ਸ਼ੈਤਾਨ ਦੀ ਸੁਣੀ। ਉਹਦੇ ਤੇ ਵਿਸ਼ਵਾਸ ਕੀਤਾ ਅਤੇ ਉਹਦੀ ਗੱਲ ਮੰਨੀ। ਉਹਨੇ ਖ਼ੁਦਾ ਦਾ ਹੁਕਮ ਤੋੜਿਆ। ਖ਼ੁਦਾ ਤਾਂ ਖ਼ੁਦਾ ਹੈ ਅਤੇ ਮਨੁੱਖ ਦਾ ਉਹਦੇ ਨਾਲ ਸਬੰਧ ਰਚਨਾ ਹੋਣ ਕਰਕੇ ਹੈ। ਆਦਮ ਅਤੇ ਹੱਵ੍ਵਾ ਨੇ ਖ਼ੁਦਾ ਦੇ ਅਖ਼ਤਿਆਰ ਦੇ ਖ਼ਿਲਾਫ ਬਗ਼ਾਵਤ ਕੀਤੀ।

ਆਦਮੀ ਉਦੋਂ ਹੀ ਅਜ਼ਮਾਇਆ ਜਾਂਦਾ ਹੈ ਜਦ ਉਹ ਆਪਣੀਆਂ ਕਾਮਨਾਵਾਂ ਨਾਲ ਭਰਮਾਇਆ ਜਾਂਦਾ ਹੈ (ਯਾਕੂਬ 1:14)। ਬਾਹਰੋਂ ਪਾਪ ਕਰਨ ਤੋਂ ਪਹਿਲਾਂ ਉਹ ਅੰਦਰੋਂ ਪਾਪ ਕਰਦਾ ਹੈ। ਪਾਪ ਉਹਦੀ ਆਪਣੀ ਸਭ ਤੋਂ ਵੱਡੀ ਪਸੰਦ ਹੈ। ਇਹ ਖ਼ੁਦਾ ਦੇ ਖ਼ੁਦਾ ਹੋਣ ਤੋਂ ਇਨਕਾਰ ਕਰਨਾ ਹੈ; ਇਹ ਆਦਮੀ ਦੀ ਆਦਮੀ ਤੋਂ ਵੱਧ ਬਣਨ ਦੀ ਕੋਸ਼ਿਸ਼ ਹੈ। ਪਾਪ ਸਾਡੀ ਇਹ ਸੋਚ ਹੈ ਕਿ ਅਸੀਂ ਖ਼ੁਦਾ ਤੋਂ ਵੱਧ ਜਾਣਦੇ ਹਾਂ, ਸਾਨੂੰ ਬਹੁਤਾ ਪਤਾ ਹੈ।

ਖ਼ੁਦਾ ਨਾਲ ਇਨਸਾਨ ਦਾ ਰਿਸ਼ਤਾ ਹੁਣ ਟੁੱਟ ਗਿਆ ਹੈ, ਇਹੀ ਬੇਵਫ਼ਾਈ ਹੈ ਅਤੇ ਉਹਦੀ ਤਬਾਹੀ ਹੈ। ਪਾਪ ਖ਼ੁਦਾ ਦੀ ਨਜ਼ਰ 'ਚ ਬੜਾ ਗੰਭੀਰ ਹੈ। ਅਸਲ 'ਚ ਆਦਮੀ ਜਦ ਪਾਪ ਕਰਦਾ ਹੈ, ਤਾਂ ਉਹ ਖ਼ੁਦ ਆਪਣਾ ਖ਼ੁਦਾ ਬਣਨ ਦਾ ਫ਼ੈਸਲਾ ਕਰ ਰਿਹਾ ਹੁੰਦਾ ਹੈ।

ਖ਼ੁਦਾ ਤੋਂ ਦੂਰ ਪਾਪੀ ਆਪਣੇ ਪਾਪਾਂ ਵਿਚ ਮਰੇ ਹੋਏ ਹਨ (ਅਫ਼ਸੀਆਂ 2)। ਪਾਪ ਦੀ ਮਜ਼ਦੂਰੀ ਮੌਤ ਹੈ (ਰੋਮੀਆਂ 6:23)। ਸਾਡੇ ਪਾਪ ਜੇ ਮਾਫ਼ ਨਾ ਕੀਤੇ ਜਾਣ ਤਾਂ ਸਾਨੂੰ ਹਮੇਸ਼ਾ ਲਈ ਖ਼ੁਦਾ ਤੋਂ ਦੂਰ ਕਰ ਸਕਦੇ ਹਨ (ਯਸਾਯਾਹ 59:2, 3)। ਦੁਨੀਆਂ ਦੀ ਹਰ ਜੰਗ, ਹਿੰਸਾ ਜਾਂ ਉਥਲ-ਪੁਥਲ ਦੀ ਸ਼ੁਰੂਆਤ ਉਸ ''ਇਕ ਚੱਕ'' ਨਾਲ ਹੀ ਹੋਈ। ਖ਼ੁਦਾ ਨੇ ਇਹਦੇ ਹੋਣ ਤੋਂ ਪਹਿਲਾਂ ਹੀ ਆਦਮ ਨੂੰ ਦੱਸ ਦਿੱਤਾ ਸੀ। ਪਰ ਖ਼ੁਦਾ ਨੂੰ ਕੱਢ ਦਿੱਤਾ ਗਿਆ। ਉਦੋਂ ਤੋਂ ਹੀ ਸ਼ੈਤਾਨ ਇਸ ਸੰਸਾਰ ਦਾ ਰੱਬ, ਮਾਲਕ ਅਤੇ ਪਿਤਾ ਹੈ (ਯੂਹੰਨਾ 8:44; 12:31; 14:30; 16:11; 2 ਕੁਰਿੰਥੀਆਂ 4:4)।

ਬਚਾਏ ਜਾਣ ਲਈ ਪਾਪੀਆਂ ਲਈ ਪਾਪ ਨੂੰ ਉਵੇਂ ਹੀ ਵੇਖਣਾ ਜ਼ਰੂਰੀ ਹੈ, ਜਿਵੇਂ ਇਹਨੂੰ ਖ਼ੁਦਾ ਵੇਖਦਾ ਹੈ। ਤੌਬਾ ਤਦ ਤਕ ਨਹੀਂ ਹੋ ਸਕਦੀ ਜਦ ਤਕ ਪਾਪੀਆਂ ਨੂੰ ਪਾਪ ਦੀ ਭਿਆਨਕਤਾ ਦਾ ਅਹਿਸਾਸ ਨਹੀਂ ਹੁੰਦਾ। ਖ਼ੁਦਾ ਨੂੰ ਪਾਕ ਮੰਨਣ ਵਾਲੇ ਲੋਕ ਪਾਪ ਨੂੰ ਦੁਸ਼ਮਣ ਮੰਨਦੇ ਹਨ।

ਖ਼ੁਦਾ ਪਾਪ ਤੋਂ ਨਫ਼ਰਤ ਕਰਦਾ ਹੈ ਅਤੇ ਸਾਨੂੰ ਵੀ ਇਸ ਤੋਂ ਨਫ਼ਰਤ ਕਰਨੀ ਜ਼ਰੂਰੀ ਹੈ; ਪਰ ਅਫ਼ਸੋਸ, ਬਹੁਤੇ ਲੋਕ ਪਾਪ ਨਾਲ ਓਨੀ ਨਫ਼ਰਤ ਨਹੀਂ ਕਰਦੇ। ਜਿੰਨੇ ਪਵਿੱਤਰ ਅਸੀਂ ਹੋਵਾਂਗੇ ਓਨੀ ਹੀ ਪਾਪ ਨਾਲ ਨਫ਼ਰਤ ਕਰਾਂਗੇ, ਕਿਉਂਕਿ ਸਾਨੂੰ ਸਮਝ ਆ ਜਾਵੇਗੀ ਕਿ ਖ਼ੁਦਾ ਨਾਲ ਸਾਡਾ ਕੀ ਰਿਸ਼ਤਾ ਹੈ।

## ਬੇਆਸ ਅਤੇ ਬੇਸਹਾਰਾ

ਪਾਪ ਵਿਚ ਪਿਆ ਆਦਮੀ ਆਪਣੇ ਆਪ ਨੂੰ ਬਚਾ ਨਹੀਂ ਸਕਦਾ। ਉਹ ਮੁਕਤੀ ਕਮਾ

ਨਹੀਂ ਸਕਦਾ, ਖਰੀਦ ਨਹੀਂ ਸਕਦਾ, ਜਾਂ ਉਹਦਾ ਹੱਕਦਾਰ ਨਹੀਂ ਹੋ ਸਕਦਾ। ਪਾਪੀ ਸਿਰਫ਼ ਤੌਬਾ ਕਰਕੇ ਖ਼ੁਦਾ ਦੀ ਗੱਲ ਮੰਨ ਸਕਦਾ ਹੈ। ਇਹ ਕੰਮ ਉਹਦੀ ਥਾਂ ਕੋਈ ਹੋਰ ਨਹੀਂ ਕਰ ਸਕਦਾ।

ਯਿਸੂ ਸਾਡੇ ਜ਼ਖ਼ਮਾਂ ਜਾਂ ਆਦਤਾਂ ਤੋਂ ਛੁਟਕਾਰਾ ਦਵਾਉਣ ਲਈ ਨਹੀਂ ਆਇਆ। ਉਹ ਸਾਡੇ ਪਾਪਾਂ ਲਈ ਮਰਿਆ (ਰੋਮੀਆਂ 5:6, 8; 1 ਪਤਰਸ 1:18, 19)। ਉਹਦੇ ਕੋਲ ਆਉਣ ਤੇ ਸਾਨੂੰ ਉਹਦੇ ਲਹੂ ਵਿਚ ਧੋਤਾ ਜਾਂਦਾ ਹੈ (1 ਕੁਰਿੰਥੀਆਂ 6:11; ਇਬਰਾਨੀਆਂ 10:19; ਪ੍ਰਕਾਸ਼ ਦੀ ਪੋਥੀ 1:5; 7:14)। ਯਿਸੂ ਨੂੰ *ਪਾਪ* ਬਣਾਇਆ ਗਿਆ, ਨਾ ਕਿ *ਪਾਪੀ* (2 ਕੁਰਿੰਥੀਆਂ 5:14-21)।

ਪਸੰਦ ਸਾਡੀ ਹੈ। ਅਸੀਂ ਸਲੀਬ ਉੱਤੇ ਯਿਸੂ ਦੇ ਰਾਹੀਂ ਆਪਣੇ ਪਾਪਾਂ ਨੂੰ ਸਜ਼ਾ ਦੇ ਸਕਦੇ ਹਾਂ ਜਾਂ ਹਮੇਸ਼ਾ ਲਈ ਨਰਕ ਵਿਚ ਆਪਣੇ ਉੱਤੇ ਸਜ਼ਾ ਪਾ ਸਕਦੇ ਹਾਂ।

ਆਪਣੇ ਪਾਪਾਂ ਨਾਲ ਨਜਿੱਠਣ ਦਾ ਸਾਡੇ ਕੋਲ ਇੱਕੋ ਹੀ ਤਰੀਕਾ ਹੈ ਕਿ ਅਸੀਂ ਯਿਸੂ ਨੂੰ ਉਨ੍ਹਾਂ ਪਾਪਾਂ ਨੂੰ ਮਾਫ਼ ਕਰਨ ਦੇਈਏ। ਉਹਨੂੰ ਇਹ ਕਰਨ ਦੇਣ ਲਈ, ਸਾਨੂੰ ਆਪਣੇ ਪਾਪਾਂ ਤੋਂ ਤੌਬਾ ਕਰਨੀ, ਭਾਵ ਉਨ੍ਹਾਂ ਤੋਂ ਮਰਨਾ, ਅਤੇ ਬਪਤਿਸਮੇ ਵਿਚ ਧੁਆਉਣਾ ਜ਼ਰੂਰੀ ਹੈ। (ਵੇਖੋ ਰਸੂਲਾਂ ਦੇ ਕੰਮ 2:38; 22:16; ਰੋਮੀਆਂ 6:1-7; 1 ਪਤਰਸ 2:24.)

*ਸਲੀਬ ...*
*ਹੋਰ ਰਾਹ ਹੀ ਨਹੀਂ!*